

# ਸਤਹੀ ਜਲ ਪ੍ਰਬੰਧਨ

ALBERTA
NEW HOME WARRANTY
PROGRAM

# ਕਿੰਨਾ ਪਾਣੀ?

**ਸਾਲਾਨਾ ਰੂਪ ਵਿਚ ਕੈਨੇਡੀਆਈ ਪ੍ਰਾਇਰੀਜ਼ ਅਤੇ ਸੈਂਟਰਲ ਬ੍ਰਿਟਿਸ਼ ਕੋਲੰਬੀਆ ਵਿਚ ਮਈ ਤੋਂ ਅਕਤੂਬਰ ਦੇ ਮਹੀਨਿਆਂ ਵਿਚਾਲੇ ਲਗਭਗ 14 ਇੰਚ (355 ਐਮਐਮ) ਬਾਰਸ਼ ਹੁੰਦੀ ਹੈ।** ਇਕ ਵਿਸ਼ੇਸ਼ 40 'x 110' ਲੋਟ 'ਤੇ, ਇਹ ਲਗਭਗ 31,900 ਗੈਲਨ (144,800 ਲਿਟਰ) ਪਾਣੀ ਦਾ ਉਤਪਾਦਨ ਕਰੇਗਾ। ਇਹ ਔਸਤਨ 638 ਭਰੇ ਹੋਏ ਬਾਥਟੱਬ ਲਈ ਕਾਫੀ ਹੈ।

**ਇਕ ਵਿਸ਼ੇਸ਼ 40 'x 110' ਲੋਟ 'ਤੇ ¼ ਇੰਚ (6 ਐਮਐਮ) ਬਾਰਸ਼ ਨਾਲ 571 ਗੈਲਨ (2,596 ਲਿਟਰ) ਪਾਣੀ ਦਾ ਉਤਪਾਦਨ ਕਰਦਾ ਹੈ।**

2,000 ਸਕੁਏਅਰ ਤਲਛੱਟੀ ਦੀ ਛੱਤ 'ਤੇ ¼ ਇੰਚ (6 ਐਮਐਮ) ਬਾਰਸ਼ ਨਾਲ 260 ਗੈਲਨ (1,200 ਲਿਟਰ) ਪਾਣੀ ਬਣਦਾ ਹੈ।

ਬਾਰਸ਼ ਤੋਂ ਇਲਾਵਾ ਤੁਸੀ ਆਪਣੇ ਲੱਅਨ ਅਤੇ ਫਲਾਵਰਬੈੱਡਸ ਨੂੰ ਬਰਕਰਾਰ ਰੱਖਣ ਵਾਸਤੇ ਸਾਲਾਨਾ ਬਸੰਤ ਰੁੱਤ ਦੌਰਾਨ ਬਰਫ ਦਾ ਪਘਿਲਣਾ ਅਤੇ ਵਰਤੇ ਗਏ ਪਾਣੀ 'ਤੇ ਵੀ ਵਿਚਾਰ ਕਰਨਾ ਚਾਹੀਦਾ ਹੈ। ਇਹ ਪ੍ਰਬੰਧਿਤ ਕੀਤੇ ਜਾਣ ਲਈ ਬਹੁਤ ਸਾਰਾ ਪਾਣੀ ਬਣਦਾ ਹੈ।

# ਵਿੰਡੋ ਵੈਲਸ

**ਵਿੰਡੋ ਵੈਲਸ ਨੂੰ ਪੱਤੀਆਂ ਅਤੇ ਹੋਰ ਮਲਬੇ ਤੋਂ ਮੁਕਤ ਰੱਖਿਆ ਜਾਣਾ ਚਾਹੀਦਾ ਹੈ ਤਾਂ ਜੋ ਕਿ ਇਹ ਸੁਨਿਸ਼ਚਿਤ ਹੋ ਸਕੇ ਕਿ ਪਾਣੀ ਡਰੇਨ ਟਾਈਲ ਦੇ ਮਾਧਿਅਮ ਨਾਲ ਵੀਪਿੰਗ ਟਾਈਲ ਸਿਸਟਮ ਵਿਚ ਪ੍ਰਵਾਹਿਤ ਹੋ ਸਕੇ।**

ਜੇਕਰ ਨਗਰਪਾਲਕਿਾ ਨੂੰ ਜ਼ਰੂਰਤ ਹੋਵੇ, ਤਾਂ ਸਥਾਨਕ ਭਵਨ ਕੋਡ ਦੇ ਅਨੁਸਾਰ ਵਿੰਡੋ ਵੈਲਸ ਸਥਾਪਿਤ ਕੀਤੇ ਜਾਣੇ ਚਾਹੀਦੇ ਹਨ।

**ਸਤਹਾ ਦੇ ਪਾਣੀ ਦੇ ਪ੍ਰਵੇਸ਼ ਨੂੰ ਘੱਟ ਕਰਨ ਲਈ ਵਿੰਡੋ ਵੈਲ ਦਾ ਸਿਖਰ ਤਿਆਰ ਗਰੇਡ ਤੋਂ ਘੱਟੋ-ਘੱਟ 2 ਇੰਚ (50 ਐਮਐਮ) ਉੱਪਰ ਹੋਣਾ ਚਾਹੀਦਾ ਹੈ।**

# ਜ਼ਮੀਨ ਧੱਸਨਾ

ਘਰ ਦੇ ਆਲੇ-ਦੁਆਲੇ ਜ਼ਮੀਨ ਦਾ ਧੱਸਨਾ ਮਕਾਨਮਾਲਕ ਦੁਆਰਾ ਰੱਖ-ਰਖਾਅ ਦਾ ਵਿਸ਼ਾ ਹੈ। ਮਿੱਟੀ ਧੱਸਨ ਤੋਂ ਬਾਅਦ ਲੋ-ਸਪੋਟਸ (ਜਹਿੜੀਆਂ ਥਾਂਵਾਂ ਧੱਸ ਗਈਆਂ ਹਨ) ਜ਼ਰੂਰ ਭਰੇ ਜਾਣੇ ਚਾਹੀਦੇ ਹਨ। ਕਸਿੇ ਲੋ-ਸਪੋਟ ਨੂੰ ਭਰਨ ਵਾਸਤੇ ਉੱਪਰਲੀ ਮਿੱਟੀ ਨੂੰ ਹਟਾ ਦਓਿ ਅਤੇ ਲੋ-ਸਪੋਟ ਨੂੰ ਕੰਪੈਕਟਡ ਚਕਿਨੀ ਮਿੱਟੀ ਨਾਲ ਭਰ ਦਓਿ ਤਾਂ ਜੋ ਕਿ ਇਹ ਸੁਨਸ਼ਿਚਤਿ ਹੋ ਸਕੇ ਕਿ ਇਸ ਦਾ ਝੁਕਾਅ ਨੀਂਹ ਤੋਂ ਦੂਰ ਹੈ। ਲੋ-ਸਪੋਟ ਨੂੰ ਭਰਨ ਵਾਸਤੇ ਉੱਪਰਲੀ ਮਿੱਟੀ ਦਾ ਇਸਤੇਮਾਲ ਕਰੋ। ਇਕ ਵਾਰ ਚਕਿਨੀ ਮਿੱਟੀ ਨਾਲ ਭਰੇ ਜਾਣ ਤੋਂ ਬਾਅਦ ਉੱਪਰਲੀ ਮਿੱਟੀ ਨੂੰ ਦੁਬਾਰਾ ਸ਼ਾਮਲ ਕੀਤਾ ਜਾ ਸਕਦਾ ਹੈ।

**ਜਦੋਂ ਤੁਹਾਡੇ ਘਰ ਦੇ ਚਾਰੋਂ ਪਾਸੇ ਸਥਾਪਤਿ ਕੀਤੀ ਗਈ ਚਕਿਨੀ ਮਿੱਟੀ ਬੈਕਫਲਿ ਧੱਸ ਜਾਂਦੀ ਹੈ, ਤਾਂ ਮਿੱਟੀ ਨੀਂਹ ਵੱਲ ਝੁਕ ਸਕਦੀ ਹੈ ਅਤੇ ਪਾਣੀ ਨੂੰ ਤੁਹਾਡੇ ਘਰ ਵੱਲ ਆਉਣ ਦੇ ਸਕਦੀ ਹੈ। ਇਸ ਨਾਲ ਬੇਸਮੈਂਟ ਵਿਚ ਗੈਰ-ਲੋੜੀਦਾ ਰਸਿਾਵ ਹੋ ਸਕਦਾ ਹੈ।**

ਨਰਿਮਾਣ ਦੇ ਦੌਰਾਨ ਤੁਹਾਡੀ ਬੇਸਮੈਂਟ ਦੀ ਖ਼ੁਦਾਈ ਖ਼ਾਸ ਤੌਰ 'ਤੇ ਸਥਾਪਨਾ ਦੀਵਾਰਾਂ ਤੋਂ ਤੰਿਨ ਤੋਂ ਲੈ ਕੇ ਚਾਰ ਫੁੱਟ ਅੱਗੇ ਵਧਦੀ ਹੈ ਤਾਂ ਜੋ ਕਿ ਬਲਿਡਰ ਨੀਂਹ ਸਥਾਪਤਿ ਕਰ ਸਕੇ ਅਤੇ ਜੇਕਰ ਲੋੜ ਪਵੇ ਤਾਂ ਬੈਕਫਲਿਡ ਤੋਂ ਪਹਲਿਾਂ ਵੀਪੰਿਗ ਟਾਈਲ ਅਤੇ ਕਰੱਸ਼ਡ ਰੌਕ (ਬਜਰੀ) ਵੀ ਸਥਾਪਤਿ ਕੀਤੀ ਜਾ ਸਕਦੀ ਹੈ। ਕਉਿਂਕਿ ਇਹ ਬੈਕਫੰਿਲ ਨੀਂਹ ਦੇ ਆਲੇ-ਦੁਆਲੇ ਸਥਤਿ ਅਣਡਸਿਟਰਬਡ ਮਿੱਟੀ ਨਾਲੋਂ ਘੱਟ ਕੰਪੈਕਟ ਹੈ, ਇਸ ਨਾਲ ਪਾਣੀ ਤੁਹਾਡੀ ਨੀਂਹ ਦੇ ਅੱਗੇ ਖ਼ੁਦਾਈ ਵਾਲੇ ਖੇਤਰ ਵਿਚ ਆਸਾਨੀ ਨਾਲ ਫਸ ਜਾਂਦਾ ਹੈ।

**ਮਕਾਨਮਾਲਕ ਦੁਆਰਾ ਨਯਿਮਤ ਰੱਖ-ਰਖਾਅ ਨਾਲ ਨੀਂਹ ਦੇ ਨੇੜੇ ਇਕੱਠੇ ਹੋਣ ਵਾਲੇ ਪਾਣੀ ਦੀ ਮਾਤਰਾ ਨੂੰ ਇਸ ਤਰਾਂ ਆਸਾਨੀ ਨਾਲ ਘੱਟ ਕੀਤਾ ਜਾ ਸਕਦਾ ਹੈ:**

- ਇਹ ਸੁਨਸ਼ਿਚਤਿ ਕਰਨਾ ਕਿ ਡਾਊਨਸਪਾਉਟ ਐਕਸਟੈਨਸ਼ਨਸ ਮਲਬੇ ਤੋਂ ਰਹਤਿ ਹੈ।
- ਚਕਿਨੀ ਮਿੱਟੀ (ਉੱਪਰੀ ਮਿੱਟੀ ਨਹੀਂ) ਨਾਲ ਧੱਸੇ ਹੋਏ ਖੇਤਰਾਂ ਨੂੰ ਭਰਨਾ ਅਤੇ ਇਸ ਦਾ ਸਕਾਰਾਤਮਕ ਝੁਕਾਵ ਨੀਂਹ ਤੋਂ ਦੂਰ ਹੋਣਾ ਚਾਹੀਦਾ ਹੈ (10 ਫੀਸਦੀ ਦੀ ਸਫਿਾਰਸ਼ ਕੀਤੀ ਜਾਂਦੀ ਹੈ)।
- ਨੀਂਹ ਦੇ ਕੋਲ ਫੁੱਲਾਂ ਦੀਆਂ ਕਆਿਰੀਆਂ ਨੂੰ ਪਾਣੀ ਦੰਿਦੇ ਸਮੇਂ ਸਾਵਧਾਨੀ ਵਰਤੋ ਤਾਂ ਜੋ ਕਿ ਨੀਂਹ ਦੇ ਨੇੜੇ ਪਾਣੀ ਦਾ ਦਬਾਅ ਘੱਟ ਹੋ ਸਕੇ।


# ਇਵੇਸਟਰੋ ਅਤੇ ਡਾਊਨਸਪਾਉਟ

ਇਵੇਸਟਰੋ ਅਤੇ ਡਾਊਨਸਪਾਉਟ ਪਾਣੀ ਨੂੰ ਛੱਤ ਪਰੇ ਅਤੇ ਨੀਂਹ ਤੋਂ ਦੂਰ ਡਜ਼ਿਾਈਨ ਕੀਤੇ ਨਕਿਾਸੀ ਸਵੇਲਸ ਵਚਿ ਲਜਿਾਂਦੇ ਹਨ। ਇਹ ਸਵੇਲਸ ਪਾਣੀ ਨੂੰ ਲੋਟ ਤੋਂ ਬਾਹਰ ਭੇਜਦੇ ਹਨ।

**ਮਲਬੇ ਨਾਲ ਜੰਮੇ ਹੋਏ ਇਵੇਸਟਰੋ ਪਾਣੀ ਦੇ ਓਵਰਫਲੋ ਦਾ ਕਾਰਨ ਬਣ ਸਕਦੇ ਹਨ ਜਸਿ ਕਾਰਨ ਪਾਣੀ ਤੁਹਾਡੀ ਨੀਂਹ ਦੇ ਕੋਲ ਫਸ ਜਾਂਦਾ ਹੈ।**

ਜੇਕਰ ਡਾਊਨਸਪਾਉਟ ਐਕਸਟੈਂਸ਼ਨ ਪਾਣੀ ਨੂੰ ਨੀਂਹ ਤੋਂ ਦੂਰ ਨਹੀਂ ਕਰਦੀ ਹੈ, ਤਾਂ ਪਾਣੀ ਨੀਂਹ ਦੀ ਦੀਵਾਰ ਨਾਲ ਇਕੱਠਾ ਹੋ ਸਕਦਾ ਹੈ। ਡਾਊਨਸਪਾਉਟਸ ਨੂੰ ਇਕ ਪਰੋਪਰਟੀ ਲਾਈਨ ਸਵੇਲਸ ਜਾਂ ਕਸਿੇ ਸਟਰੀਟ ਜਾਂ ਬੈਕ ਲੇਨ ਵਚਿ ਇਕ ਉੱਚਤਿ ਨਕਿਾਸ ਵਚਿ ਸਥਤਿ ਰੱਖਣਾ ਚਾਹੀਦਾ ਹੈ। ਇਹਨਾਂ ਨੂੰ ਕਸਿੇ ਗੁਆਂਢ ਵਾਲੇ ਘਰ ਵੱਲ ਨਹੀਂ ਕਰਨਾ ਚਾਹੀਦਾ ਹੈ। ਡਾਊਨਸਪਾਉਟ ਐਕਸਟੈਂਸ਼ਨ ਨੂੰ ਬੈਕਫਲਿਡ ਖੇਤਰ ਦੇ ਪਾਰ ਵਧਾਉਣਾ ਚਾਹੀਦਾ ਹੈ (ਨਊਿਨਤਮ 4 ਫੁੱਟ ਤੱਕ)।

**ਡਾਊਨਸਪਾਉਟ ਐਕਸਟੈਂਸ਼ਨ ਨੂੰ ਪੂਰੇ ਸਾਲ ਦੌਰਾਨ ਵਰਤਆਿ ਜਾਣਾ ਚਾਹੀਦਾ ਹੈ। ਉਹ ਪਾਣੀ ਜੋ ਕਿ ਨੀਂਹ ਦੀ ਦੀਵਾਰ ਨੇੜਲੀ ਮੱਿਟੀ ਵਚਿ ਇਕੱਠਾ ਹੁੰਦਾ ਰਹਿੰਦਾ ਹੈ, ਉਹ ਬੇਸਮੈਂਟ ਵਚਿ ਪਾਣੀ ਦੇ ਦਾਖਲੇ ਦੀ ਸਮਰੱਥਾ ਵਚਿ ਵਾਧਾ ਕਰਦਾ ਹੈ।** ਜਦੋਂ ਪਾਣੀ ਜੰਮ ਜਾਂਦਾ ਹੈ, ਤਾਂ ਫਰੌਸਟ ਹੀਵ ਪੈਦਾ ਹੋ ਸਕਦੀ ਹੈ ਅਤੇ ਸਮਰੱਥ ਰੂਪ ਵਚਿ ਡੈਕ, ਡਰਾਈਵਵੇਜ਼ ਅਤੇ ਸਾਈਡਵਾਕਸ ਨੂੰ ਚੁੱਕ ਸਕਦੀਆਂ ਹਨ। ਫਰੌਸਟ ਹੀਵਸ ਨੀਂਹ ਵੱਿਚ ਸਮੱਸਆਿਵਾਂ ਵੀ ਪੈਦਾ ਕਰ ਸਕਦੀਆਂ ਹਨ। ਮੱਿਟੀ ਵਚਿ ਦੱਬੀ ਇਕ ਨਕਿਾਸੀ ਨਲੀ ਦੁਆਰਾ ਡਾਊਨਸਪਾਉਟ ਨੂੰ ਐਕਸਟੈਂਡ ਕਰਨ ਦੀ ਸਫਿਾਰਸ਼ ਨਹੀਂ ਕੀਤੀ ਜਾਂਦੀ ਹੈ।





# ਰੇਨਵਾਟਰ ਲੀਡਰਸ

**ਰੇਨਵਾਟਰ ਲੀਡਰ ਇਕ ਪਾਈਪ ਹੈ ਜੋ ਕਿ ਡਾਊਨਸਪਾਊਟ ਨੂੰ ਸਟੋਰਮ ਨਿਕਾਸੀ ਸਿਸਟਮ ਨਾਲ ਜੋੜਦਾ ਹੈ।** ਜਦੋਂ ਬਾਰਸ਼ਿ ਹੁੰਦੀ ਹੈ ਜਾਂ ਫਿਰ ਤੁਹਾਡੀਆਂ ਛੱਤਾਂ 'ਤੇ ਪਈ ਬਰਫ ਪਿਘਲ ਜਾਂਦੀ ਹੈ, ਤਾਂ ਪਾਣੀ ਡਾਊਨਸਪਾਊਟ ਅਤੇ ਸਟੋਰਮ ਸਿਸਟਮ ਵਿਚ ਜਾਣਾ ਸ਼ੁਰੂ ਕਰ ਦਿੰਦਾ ਹੈ। ਰੇਨਵਾਟਰ ਲੀਡਰ ਦੀ ਸਥਾਪਨਾ ਦਾ ਨਿਰਧਾਰਨ ਨਗਰਪਾਲਿਕਾ ਦੁਆਰਾ ਕੀਤਾ ਜਾਂਦਾ ਹੈ।

# ਵੀਪਿੰਗ ਟਾਈਲ

**ਵੀਪਿੰਗ ਟਾਈਲ ਜੋ ਕਿ ਫੁਟਿੰਗ 'ਤੇ ਸਥਾਪਤਿ ਹੁੰਦੀ ਹੈ, ਨੂੰ ਭੂਮੀਗਤ ਗਰਾਊਂਡ ਵਾਟਰ ਦਾ ਪ੍ਰਬੰਧਨ ਕਰਨ ਵਾਸਤੇ ਡਜ਼ਿਾਈਨ ਕੀਤਾ ਜਾਂਦਾ ਹੈ।**
ਕੁਝ ਨਗਰਪਾਲਕਿਾਵਾਂ ਨੂੰ ਵੀਪਿੰਗ ਟਾਈਲ ਸਸਿਟਮਾਂ ਦੀ ਸਥਾਪਨਾ ਕਰਨ ਦੀ ਲੋੜ ਨਹੀਂ ਹੁੰਦੀ। ਇਹ ਲੋੜਾਂ ਮੱਟਿੀ ਦੀ ਸੰਰਚਨਾ ਅਤੇ ਭੂਮੀਗਤ ਵਾਟਰ ਟੇਬਲ 'ਤੇ ਨਰਿਭਰ ਕਰਦੀਆਂ ਹਨ।

**ਸਤਹੀ ਪਾਣੀ ਨੂੰ ਕੰਟਰੋਲ ਕਰਨ ਵਾਸਤੇ ਵੀਪਿੰਗ ਟਾਈਲ ਇਕ ਮੁੱਢਲਾ ਡਫਿੈਂਸ ਨਹੀਂ ਹੈ।**

ਇਸ ਦੀ ਬਜਾਏ, ਇਹ ਨੀਂਹ ਦੇ ਆਧਾਰ 'ਤੇ ਪਾਣੀ ਨੂੰ ਹਟਾਉਣ ਵਚਿ ਸਹਾਇਤਾ ਕਰਦਾ ਹੈ, ਖਾਸ ਤੌਰ 'ਤੇ ਭਾਰੀ ਬਸੰਤ ਰੁੱਤ ਥਾਸ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੀ ਬਾਰਸ਼ਿ ਦੌਰਾਨ।

**ਵੀਪਿੰਗ ਟਾਈਲ ਪਾਣੀ ਦੁਆਰਾ ਉਤਪੰਨ ਕੀਤੇ ਗਏ ਦਬਾਅ ਨੂੰ ਘੱਟ ਕਰਦੀ ਹੈ ਜੋ ਕਿ ਨੀਂਹ ਦੀ ਦੀਵਾਰ ਵਰੁਿੱਧ ਖੜ੍ਹਾ ਹੁੰਦਾ ਹੈ ਅਤੇ ਇਹ ਸੰਪ ਜਾਂ ਸਟੋਰਮ ਸੀਵਰ ਦੇ ਪਾਣੀ ਦਾ ਨਕਿਾਸ ਕਰਦੀ ਹੈ।**

# ਸੰਪ ਸਸਿਟਮ

**ਸੰਪ ਸਸਿਟਮ (ਬੇਸਮੈਂਟ ਖੇਤਰ ਵਚਿ ਸੰਪ ਪੰਪ ਅਤੇ ਗੱਡਾ) ਉਸ ਪਾਣੀ ਨੂੰ ਹਟਾਉਂਦਾ ਹੈ ਜੋ ਕਿ ਨੀਂਹ ਦੇ ਆਲੇ-ਦੁਆਲੇ ਫੁਟਿੰਗ ਪੱਧਰ 'ਤੇ ਇਕੱਠਾ ਹੁੰਦਾ ਹੈ, ਜਾਂ ਫਰਿ ਕੁਝ ਖਾਸ ਸਥਤਿੀਆਂ ਵਚਿ ਇਹ ਬੇਸਮੈਂਟ ਸਲੈਬ ਦੇ ਹੇਠਾਂ ਇਕੱਠਾ ਹੁੰਦਾ ਹੈ।**

ਤੁਹਾਡੇ ਰੱਖ-ਰਖਾਅ ਪ੍ਰੋਗਰਾਮ ਦੇ ਇਕ ਹੱਸਿੇ ਵਜੋਂ, ਇਹ ਸੁਨਸ਼ਿਚਿਤ ਕਰੋ ਕਿ ਸੰਪ ਪੰਪ ਕਾਰਜ ਕਰ ਰਹਿਾ ਹੈ ਅਤੇ ਸਾਲ ਵਚਿ ਇਕ ਵਾਰ ਇਸ ਦਾ ਟੈਸਟ ਕਰਾਉਣਾ ਯਾਦ ਰੱਖੋ।

ਜੇਕਰ ਸੰਪ ਪੰਪ ਲਗਾਤਾਰ ਚਲਦਾ ਰਹਦਿਾ ਹੈ, ਤਾਂ ਇਹ ਸੰਭਵ ਹੈ ਕਿ ਪਾਣੀ ਬਾਹਰ ਨਕਿਲਦਾ ਰਹਦਿਾ ਹੈ ਅਤੇ ਇਹ ਨੀਂਹ ਦੀ ਦੀਵਾਰ ਵਰੁਿੱਧ ਸੀਪਿੰਗ ਬੈਕ ਹੋਣਾ ਅਤੇ ਮੁੜ-ਸੰਚਾਰਤਿ ਹੋਣਾ ਜਾਰੀ ਰੱਖਦਾ ਹੈ। ਇਸ ਤੋਂ ਬਚਾਅ ਲਈ ਪਾਣੀ ਨੂੰ ਨੀਂਹ ਤੋਂ ਦੂਰ ਰੱਖਣ ਲਈ ਉੱਚਤਿ ਸਤਹੀ ਗਰੇਡ (ਝੁਕਾਅ) ਨੂੰ ਸੁਨਸ਼ਿਚਿਤ ਕਰੋ।

**ਤੁਹਾਡਾ ਸਸਿਟਮ ਸਟੋਰਮ ਸਸਿਟਮ ਜਾਂ ਉੱਪਰਲੇ ਗਰੇਡ ਵਚਿ ਨਕਿਾਸੀ ਕਰ ਸਕਦਾ ਹੈ। ਇਕ ਨਕਿਾਸੀ ਨਲੀ ਦੀ ਸਥਾਪਨਾ ਕਰਨ ਨਾਲ ਤੁਹਾਡੇ ਸੰਪ ਪੰਪ ਵਚਿ ਇਕੱਠੇ ਹੋਏ ਪਾਣੀ ਨੂੰ ਤੁਹਾਡੇ ਘਰ ਤੋਂ ਹੋਰ ਦੂਰ ਕੀਤਾ ਜਾ ਸਕਦਾ ਹੈ।**

# ਲੌਟ ਗਰੇਡਿੰਗ

ਇਕ ਰਹਿਾਇਸ਼ੀ ਉਸਾਰੀ ਵਿਚ, ਆਮ ਤੌਰ ’ਤੇ ਇਕ ਬਿਲਡਰ ਮਨਜ਼ੂਰਸ਼ੁਦਾ ਗਰੇਡਿੰਗ ਪਲਾਨ ਵਿਚ ਉਲੇਖ ਕੀਤੀ ਗਈ ਲੋੜੀਦੀ ਰਫ ਗਰੇਡ ਐਲੀਵੇਸ਼ਨ ਲਿਆਉਣ ਵਾਸਤੇ ਜ਼ਿੰਮੇਵਾਰ ਹੋ।
ਇਹ ਪਲਾਨ ਸਤਹੀ ਪਾਣੀ ਨਿਕਾਸ ਪੈਟਰਨ ਅਤੇ ਲੋਟ ਲਈ ਲੋੜੀਂਦੇ ਸਵੇਲਸ ਬਾਰੇ ਵੇਰਵੇ ਦਿੰਦੇ ਹਨ।

ਕੁਝ ਨਗਰਪਾਲਿਕਾਵਾਂ ਨੂੰ ਇਕ ਮਨਜ਼ੂਰਸ਼ੁਦਾ ਲੌਟ ਗਰੇਡਿੰਗ ਸੈਰਟੀਫਿਕੇਟ ਦੀ ਲੋੜ ਹੁੰਦੀ ਹੈ। ਇਹ ਸੈਰਟੀਫਿਕੇਟ ਇਹ ਤਸਦੀਕ ਕਰਦਾ ਹੈ ਕਿ ਉੱਚਿਤ ਗਰੇਡਿੰਗ ਐਲੀਵੇਸ਼ਨਸ ਅਤੇ ਨਿਕਾਸ ਪੈਟਰਨ ਸਥਾਪਿਤ ਕੀਤੇ ਗਏ ਹਨ।

**ਆਖਰੀ ਗਰੇਡ (ਉੱਪਰਲੀ ਮਿੱਟੀ) ਚਾਰ ਇੰਚ (ਜਾਂ ਫਿਰ ਜਵਿੇਂ ਕਾਨੂੰਨ ਦੁਆਰਾ ਉਲੇਖਿਤ ਕੀਤੀ ਗਈ ਸਥਾਨਕ ਲੋਟ ਗਰੇਡਿੰਗ ਲੋੜੀਦੀ ਹੈ) ਦੀ ਡੂੰਗਾਈ ਦੀ ਵੱਧ ਨਹੀ ਹੋਣੀ ਚਾਹੀਦੀ। ਆਖੀਰਲਾ ਗਰੇਡ ਸਾਰੀਆਂ ਲੱਕੜ ਦੀਆਂ ਸਤਹਾਂ ਤੋਂ ਛੇ ਇੰਚ ਹੇਠਾਂ ਹੋਣੀ ਚਾਹੀਦੀ ਹੈ।**

---

# ਸਵੇਲਸ

**ਸਵੇਲਸ, ਰਫ ਗਰੇਡ ਵਿਚ ਡਪਿਰੈਸ਼ਨਸ (ਘੱਟ ਡੂੰਘੀਆਂ ਸਤਹਾਂ) ਹਨ ਜਹਿਨਾਂ ਨੂੰ ਕਿ ਸਤਹੀ ਪਾਣੀ ਨੂੰ ਘਰ ਤੋਂ ਦੂਰ ਕਰਨ ਵਾਸਤੇ ਡਜ਼ਿਾਈਨ ਕੀਤਾ ਗਿਆ ਹੈ।**

ਸਵੇਲ ਨਿਕਾਸ ਨੂੰ ਨੇੜਲੀ ਗਲੀ, ਲੇਨ ਜਾਂ ਸਟੋਰਮ ਵਾਟਰ ਪ੍ਰਬੰਧਕੀ ਨਦੀ ਵੱਲ ਦਸ਼ਿਾ ਦੇਣੀ ਚਾਹੀਦੀ ਹੈ - ਨਾ ਕਿ ਬੈਕਫਲਿਡ ਖੇਤਰਾਂ ਜਾਂ ਕਸਿੇ ਗੁਆਂਢੀ ਦੇ ਯਾਰਡ ਵੱਲ।

ਸਤਹੀ ਪਾਣੀ ਨੂੰ ਮਊਿੰਸਪਲ ਗਲੀਆਂ ਜਾਂ ਸਵੇਲਸ ਵੱਲ ਦਸ਼ਿਾ ਦੇਣ ਵਾਸਤੇ ਹਰੇਕ ਲੋਟ ਨੂੰ ਮਨਜ਼ੂਰਸ਼ੁਦਾ ਗਰੇਡਿੰਗ ਪਲਾਨ ਦੀ ਪਾਲਣਾ ਕਰਨੀ ਚਾਹੀਦੀ ਹੈ। ਆਮ ਤੌਰ ’ਤੇ ਲੋਟ-ਤੋਂ-ਲੋਟ ਨਿਕਾਸੀ ਦੀ ਇਜਾਜ਼ਤ ਨਹੀ ਹੁੰਦੀ ਹੈ।

**ਸਵੇਲਸ ਆਮ ਤੌਰ ’ਤੇ ਪਰੋਪਰਟੀ ਲਾਈਨਸ ’ਤੇ ਸਥਿਤ ਹੁੰਦੀਆਂ ਹਨ ਅਤੇ ਲੋਟ ਦੇ ਪਛਿਲੇ ਪਾਸੇ ਹੁੰਦੀਆਂ ਹਨ। ਲੋਟ ਦੇ ਆਮ ਝੁਕਾਵ ਦੇ ਆਧਾਰ ’ਤੇ, ਵਾਧੂ ਨਿਕਾਸੀ ਸਵੇਲਸ ਦੀ ਲੋੜ ਹੋ ਸਕਦੀ ਹੈ।**

ਸਵੇਲ ਦਾ ਝੁਕਾਅ ਇਹ ਸੁਨਸ਼ਿਚਿਤ ਕਰਨ ਲਈ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ ਕਿ ਪਾਣੀ ਦਾ ਪ੍ਰਵਾਹ ਨੀਂਹ ਤੋਂ ਦੂਰ ਹੋਣਾ ਚਾਹੀਦਾ ਹੈ। ਸਵੇਲ ਨਾਲ ਛੇੜ-ਛਾੜ ਤੋਂ ਬਚਾਅ ਕਰਨਾ ਚਾਹੀਦਾ ਹੈ, ਕਉਿਂਕਿ ਅਜਿਹੀ ਛੇੜਛਾੜ ਕਰਨ ਨਾਲ ਪਾਣੀ ਦੇ ਇਕੱਠ ਹੋ ਸਕਦਾ ਹੈ।

---

# ਲੈਂਡਸਕੇਪਿੰਗ

**ਲੈਂਡਸਕੇਪਿੰਗ ਨੂੰ ਸਤਹੀ ਪਾਣੀ ਪ੍ਰਬੰਧਨ ਯੋਜਨਾ ਨੂੰ ਕਾਇਮ ਰੱਖਣਾ ਚਾਹੀਦਾ ਹੈ। ਆਖਰੀ ਲੈਂਡਸਕੇਪਿੰਗ ਦੀ ਪ੍ਰਕਿਰਿਆ ਦੌਰਾਨ, ਸੰਪੱਤੀ ਦੇ ਰਫ ਗਰੇਡ ਨਾਲ ਛੇੜ-ਛਾੜ ਨਹੀਂ ਕਰਨੀ ਚਾਹੀਦੀ ਹੈ। ਸਵੇਲ ਦੇ ਕਾਰਜਪ੍ਰਣਾਲੀ ਨੂੰ ਕਾਇਮ ਰੱਖਣਾ ਬਹੁਤ ਮਹੱਤਵਪੂਰਨ ਹੈ।**

ਰਫ ਗਰੇਡ ਦੇ ਡਿਜ਼ਾਈਨ ਨੂੰ ਆਮ ਤੌਰ 'ਤੇ ਉੱਪਰਲੀ ਮਿੱਟੀ ਅਤੇ ਸੋਡ ਦੇ ਅੰਦਾਜ਼ਨ ਚਾਰ ਇੰਚ ਦੀ ਇਜਾਜ਼ਤ ਦੇਣੀ ਚਾਹੀਦੀ ਹੈ।

**ਆਦਰਸ਼ਕ ਰੂਪ ਵਿਚ, ਫਲਾਵਰਬੈੱਡਸ ਨੀਹ ਦੇ ਬਿਲਕੁਲ ਨੇੜੇ ਨਹੀ ਰੱਖਣੇ ਚਾਹੀਦੇ ਹਨ।** ਇਹਨਾਂ ਨੂੰ ਪਾਣੀ ਦੇਣ ਨਾਲ ਨਿਕਾਸ ਸਿਸਟਮ ਵਿਚ ਓਵਰਲੋਡ ਹੋ ਸਕਦਾ ਹੈ। ਜੇਕਰ ਫਲਾਵਰਬੈੱਡਸ ਨੂੰ ਨੀਂਹ ਦੀਵਾਰ ਦੇ ਨੇੜੇ ਰੱਖਿਆ ਗਿਆ ਹੈ ਤਾਂ ਇਹਨਾਂ ਨੂੰ ਧਿਆਨਪੂਰਵਕ ਡਜ਼ਿਾਈਨ ਕੀਤਾ ਜਾਣਾ ਚਾਹੀਦਾ ਹੈ।

ਜੇ ਤੁਸੀਂ ਬਾਹਰੀ ਤੱਤ ਜਵਿੇਂ ਕਿ ਪੈਟਓਿ, ਸਵੀਮਿੰਗ ਪੂਲ ਜਾਂ ਹਾਟ ਟੱਬ ਜੋੜ ਰਹੇ ਹੋ, ਜਾਂ ਖੂਬਸੂਰਤੀ ਦੇ ਉਦੇਸ਼ਾਂ ਲਈ ਆਪਣੇ ਘਰ ਦੀ ਐਲੀਵੇਸ਼ਨ ਨੂੰ ਬਦਲ ਰਹੇ ਹੋ, ਤਾਂ ਮੂਲ ਨਕਿਾਸੀ ਯੋਜਨਾ ਡਜ਼ਿਾਈਨ ਕੀਤੇ ਅਨੁਸਾਰ ਕੰਮ ਨਹੀਂ ਕਰੇਗੀ। ਇਨ੍ਹਾਂ ਪ੍ਰੋਜੈਕਟਾਂ ਦੇ ਨਾਲ-ਨਾਲ ਘਰ ਤੋਂ ਦੂਰ ਅਤੇ ਗਲੀ ਜਾਂ ਡਰੇਨੇਜ ਸਵੈਲ ਵੱਲ ਸਹੀ ਨਕਿਾਸੀ ਦੀ ਯੋਜਨਾਬੰਦੀ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਇਹ ਸੁਨਸ਼ਿਚਤਿ ਕੀਤਾ ਜਾ ਸਕੇ ਕਿ ਉਹ ਸੰਤੁਸ਼ਟੀ ਨਾਲ ਬਰਕਰਾਰ ਰਹਿੰਦੇ ਹਨ। ਆਪਣੇ ਲੋਟ ਵਿੱਚ ਤਬਦੀਲੀਆਂ ਕਰਦੇ ਸਮੇਂ ਸਥਾਨਕ ਨਕਿਾਸੀ ਕਾਨੂੰਨਾਂ ਦੀ ਜਾਂਚ ਕਰੋ।

ਆਪਣੀ ਸਿੰਚਾਈ ਪ੍ਰਣਾਲੀ ਦੇ ਡਜ਼ਿਾਈਨ, ਸਥਾਪਨਾ ਅਤੇ ਰੱਖ-ਰਖਾਅ ਦਾ ਬਹੁਤ ਖਆਿਲ ਰੱਖਣਾ ਚਾਹੀਦਾ ਹੈ। ਉਦਾਹਰਨ ਦੇ ਤੌਰ 'ਤੇ:

- ਸਪਰਿੰਕਲਰ ਹੈੱਡਸ ਨੂੰ ਪਾਣੀ ਨੂੰ ਨੀਂਹ ਜਾਂ ਕਲੈਡਿੰਗ ਵਰਿੁੱਧ ਦਸ਼ਿਾ ਨਹੀ ਦੇਣੀ ਚਾਹੀਦੀ ਹੈ
- ਜਦੋਂ ਬਚਾਅਯੋਗ ਹੋਵੇ, ਤਾਂ ਸਪਰਿੰਕਲਰ ਹੈੱਡਸ ਨੂੰ ਨੀਂਹ ਦੇ ਨੇੜੇ ਬੈਕਫਲਿ ਖੇਤਰ ਦੇ ਅੰਦਰ ਨਹੀ ਰੱਖਿਆ ਜਾਣਾ ਚਾਹੀਦਾ ਹੈ
- ਓਵਰਵਾਟਰਿੰਗ ਤੋਂ ਬਚਾਅ ਵਾਸਤੇ ਰੇਨ ਸੈਂਸਰਜ਼ ਸਥਾਪਤਿ ਕੀਤੇ ਜਾ ਸਕਦੇ ਹਨ
- ਸਸਿਟਮ ਦੇ ਕੁਨੈਕਸ਼ਨ ਸੁਰੱਖਅਿਤ ਹੋਣੇ ਚਾਹੀਦੇ ਹਨ
- ਪਾਈਪਿੰਗ ਨੂੰ ਨੁਕਸਾਨ (ਉਦਾਹਰਨ ਵਜੋਂ ਜਮਾਵ ਤੋਂ ਵਖਰੇਵਾਂ ਕਰਨਾ) ਤੋਂ ਬਚਾਵ ਵਾਸਤੇ ਸਸਿਟਮਾਂ ਦੀ ਨਯਿਮਤ ਰੂਪ ਵਚਿ ਸਰਵਸਿ ਕੀਤੀ ਜਾਣੀ ਚਾਹੀਦੀ ਹੈ।

ਜਵਿੇਂ ਹੀ ਇਹ ਪੈਦਾ ਹੁੰਦੇ ਹਨ, ਤਾਂ ਡਪਿਰੈਸ਼ਨਸ (ਘੱਟ ਡੂੰਘੀਆਂ ਸਤਹਾਂ) ਅਤੇ ਧੱਸੀ ਜ਼ਮੀਨ ਨੂੰ ਭਰਦੇ ਹੋਏ ਤੁਸੀਂ ਸਾਲਾਨਾ ਰੂਪ ਵਚਿ ਸਤਹੀ ਨਕਿਾਸ ਪੈਟਰਨ ਨੂੰ ਬਰਕਰਾਰ ਰੱਖ ਸਕਦੇ ਹੋ। (ਹੋਰ ਵੇਰਵਿਆਂ ਵਾਸਤੇ ਇਸ ਬਰੋਚਰ ਦੇ ਜ਼ਮੀਨ ਧੱਸਨਾ ਸੈਕਸ਼ਨ ਨੂੰ ਦੇਖੋ)

### ਹੋਰ ਹਵਾਲੇ

- ਤੁਹਾਡਾ ਸਥਾਨਕ ਮਿਊਂਸਪਲ ਦਫਤਰ
- ਕੈਨੇਡਾ ਮੋਰਟਗੇਜ ਅਤੇ ਹਾਊਸਿੰਗ ਕਾਰਪੋਰੇਸ਼ਨ



# ਆਪਣੇ ਨਿਵੇਸ਼ ਦੀ ਰੱਖਿਆ ਕਰਨਾ

**ਇਕ ਨਵੇਂ ਮਕਾਨਮਾਲਕ ਵਜੋਂ, ਆਪਣੇ ਨਿਵੇਸ਼ ਦੀ ਰੱਖਿਆ ਕਰ ਕੇ ਤੁਸੀਂ ਇਹ ਸੁਨਿਸ਼ਚਿਤ ਕਰ ਸਕਦੇ ਹੋ ਕਿ ਨਿਯਮਿਤ ਰੱਖ-ਰਖਾਵ ਨੂੰ ਬਰਕਰਾਰ ਰੱਖਣਾ ਵੀ ਓਨਾ ਹੀ ਮਹੱਤਵਪੂਰਨ ਹੈ ਜਿੰਨਾ ਕਿ ਆਪਣੇ ਘਰ ਦੀ ਵਾਰੰਟੀ ਅਤੇ ਇੰਸ਼ੋਰੈਂਸ ਦੀ ਸੰਭਾਲ ਕਰਨਾ ਅਤੇ ਨਾਲ ਹੀ ਸਮੱਸਿਆਵਾਂ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਉਹਨਾਂ ਦੀ ਰੋਕਥਾਮ ਕਰਨਾ। ਤੁਹਾਡੇ ਲਈ ਇਹ ਜਾਣਨਾ ਮਹੱਤਵਪੂਰਨ ਹੈ ਕਿ ਅਣਉੱਚਿਤ ਰੱਖ-ਰਖਾਅ ਤੋਂ ਪੈਦਾ ਹੋਇਆ ਨੁਕਸ ਹੋਮ ਵਾਰੰਟੀ ਅਧੀਨ ਕਵਰ ਨਹੀਂ ਕੀਤਾ ਜਾਂਦਾ ਹੈ।**

ਜਦੋਂ ਤੁਸੀ ਇਕ ਨਵਾਂ ਘਰ ਖਰੀਦਦੇ ਹੋ, ਤਾਂ ਲੋਟ ਅਤੇ ਗਰੇਡੀਂਗ ਮਕਾਨਮਾਲਕ ਦੀਆਂ ਜ਼ੀਮੇਵਾਰੀਆਂ ਹਨ। ਜ਼ਮੀਨ ਸੈਟਲਮੈਂਟ ਅਤੇ ਨਾਲ ਹੀ ਤੁਹਾਡੇ ਘਰ ਵਿਚ ਪਾਣੀ ਦਾ ਦਾਖਲ ਹੋਣਾ ਵੀ ਕਵਰ ਨਹੀਂ ਕੀਤਾ ਜਾ ਸਕਦਾ ਹੈ ਜੇਕਰ ਉੱਚਿਤ ਗਰੇਡਸ ਨੂੰ ਬਰਕਰਾਰ ਨਹੀਂ ਰੱਖਿਆ ਗਿਆ ਹੈ ਜਾਂ ਫਿਰ ਅਣਉੱਚਿਤ ਲੈਂਡ-ਸਕੇਪੀਂਗ ਦੀ ਸਥਾਪਨਾ ਕਾਰਨ ਰਸਿਾਵ ਪੈਦਾ ਹੁੰਦੀ ਹੈ। ਇਸ ਸਤਹੀ ਜਲ ਪ੍ਰਬੰਧਨ ਬਰੋਸ਼ਰ ਅਤੇ ਆਪਣੇ ਨਵੇਂ ਘਰ ਦੀ ਦੇਖਭਾਲ ਅਤੇ ਰੱਖ-ਰਖਾਅ ਲਈ ਸਾਡੀ ਗਾਈਡ ਵਰਗੇ ਉਪਲੱਬਧ ਉਪਕਰਨਾਂ ਦਾ ਹਵਾਲਾ ਲਓ, ਤਾਂ ਜੋ ਕਿ ਤੁਹਾਡੇ ਘਰ ਨੂੰ ਉੱਤਮ ਸਥਿਤੀ ਵਿਚ ਰੱਖਿਆ ਜਾ ਸਕੇ।

# ਮੌਸਮੀ ਰੱਖ-ਰਖਾਅ ਕੈਲੰਡਰ

## ਬਸੰਤ ਰੁੱਤ

- ਨਿਰੀਖਣ ਕਰੋ ਅਤੇ ਇਹ ਸੁਨਿਸ਼ਚਿਤ ਕਰੋ ਕਿ ਸਾਰੇ ਡਾਊਨਸਪਾਉਟਸ ਹੇਠਲੀ ਸਥਿਤੀ ਵਿਚ ਹਨ ਅਤੇ ਘਰ ਤੋਂ ਦੂਰ ਘੱਟੋ-ਘੱਟ 4 ਫੁੱਟ ਦੀ ਦੂਰੀ 'ਤੇ ਇਕ ਜਲ ਨਿਕਾਸ ਵਿਚ ਨਿਰਦੇਸ਼ਿਤ ਕੀਤੇ ਗਏ ਹਨ।
- ਇਹ ਸੁਨਿਸ਼ਚਿਤ ਕਰੋ ਕਿ ਸਾਰੇ ਨਿਕਾਸੀ ਸਿਸਟਮ (ਸੰਪਸ, ਨਿਕਾਸ) ਉੱਚਿਤ ਰੂਪ ਵਿਚ ਕੰਮ ਕਰ ਰਹੇ ਹਨ ਅਤੇ ਪਾਣੀ ਦਾ ਨਿਕਾਸ ਤੁਹਾਡੇ ਘਰ ਤੋਂ ਦੂਰ ਕੀਤਾ ਗਿਆ ਹੈ। ਜੇਕਰ ਅਜਿਹਾ ਨਹੀਂ ਹੈ, ਤਾਂ ਤੁਰੰਤ ਉੱਚਿਤ ਕਦਮ ਚੁੱਕੋ।
- ਘਰ ਤੋਂ ਦੂਰ ਉੱਚਿਤ ਨਿਕਾਸੀ ਨੂੰ ਸੁਨਿਸ਼ਚਿਤ ਕਰਨ ਵਾਸਤੇ ਹਾਰਡਸਕੇਪਿੰਗ ਤੱਤਾਂ ਜਿਵੇਂ ਕਿ ਪੈਟਿਓ, ਵਾਕਵੇਅ ਅਤੇ ਸਾਰੀਆਂ ਲੈਂਡਸਕੇਪਿੰਗ ਦਾ ਨਿਰੀਖਣ ਕਰੋ। ਉੱਚਿਤ ਝੁਕਾਵ ਨੂੰ ਸੁਨਿਸ਼ਚਿਤ ਕਰਨ ਵਾਸਤੇ ਮੁਰੰਮਤ ਕਰੋ।
- ਆਪਣੇ ਲੋਟ ਦਾ ਨਿਰੀਖਣ ਕਰੋ ਅਤੇ ਪਾਣੀ ਨੂੰ ਸੰਭਾਲਣ ਵਾਲੇ ਸਥਾਨਾਂ ਜਾਂ ਨੀਂਹ, ਅੰਡਰ ਡੈਕਸ ਅਤੇ ਪੋਰਚਸ ਦੇ ਆਲੇ-ਦੁਆਲੇ ਲੋ-ਸਪੋਟਸ ਜਾਂ ਮਿੱਟੀ ਧੱਸਣ ਦਾ ਨਿਰੀਖਣ ਕਰੋ ਜਿੱਥੇ ਪਾਣੀ ਹੋ ਸਕਦਾ ਹੈ ਜਿਸ ਨਾਲ ਪਾਣੀ ਤੁਹਾਡੇ ਘਰ ਵੱਲ ਆ ਸਕਦਾ ਹੈ। ਘਰ ਤੋਂ ਦੂਰ ਉੱਚਿਤ ਗਰੇਡਿੰਗ ਨੂੰ ਬਰਕਰਾਰ ਰੱਖਣ ਵਾਸਤੇ ਲੋੜ ਅਨੁਸਾਰ ਮੁਰੰਮਤ ਕਰੋ।
- ਗਟਰਾਂ, ਇਵੇਸਟਰੋ, ਡਾਊਨਸਪਾਉਟਸ ਅਤੇ ਰੇਨਵਾਟਰ ਲੀਡਰਸ (ਜੇਕਰ ਲਾਗੂ ਹੋਵੇ) ਵਿਚ ਪੱਤਿਆਂ, ਮਲਬੇ ਅਤੇ ਕੋਈ ਹੋਰ ਬਲੌਕੇਜ ਦੀ ਜਾਂਚ ਕਰੋ।
- ਵਿੰਡੋ ਵੈਲਸ ਤੋਂ ਪੱਤਿਆਂ ਅਤੇ ਮਲਬੇ ਨੂੰ ਹਟਾਓ।

## ਗਰਮ ਰੁੱਤ

- ਤਰੇੜਾਂ ਜਾਂ ਫਿਰ ਅਸਮਾਨ ਸਥਿਤੀਆਂ ਲਈ ਨੀਂਹ, ਬੇਸਮੈਂਟ ਜਾਂ ਕਰਾਅਲ ਸਪੇਸ ਦਾ ਨਿਰੀਖਣ ਕਰੋ। ਛੋਟੀ ਸੈਟਲਮੈਂਟ ਜਾਂ ਸ਼ਰਿੰਕੇਜ ਕਾਰਨ ਛੋਟੀਆਂ- ਛੋਟੀਆਂ ਤਰੇੜਾਂ ਆਮ ਹਨ।
- ਲੀਕੇਜ ਵਾਸਤੇ ਸਿੰਚਾਈ ਜਾਂ ਸਪਰਿੰਕਲਰਸ ਦਾ ਨਿਰੀਖਣ ਕਰੋ ਅਤੇ ਸਾਰੇ ਸਪਰੇਅ ਹੈੱਡਸ ਨੂੰ ਘਰ ਦੀ ਨੀਂਹ ਤੋਂ ਦੂਰ ਦਿਸ਼ਾ ਦਿਓ।
- ਇਵੇਸਟਰੋ ਵਿਚ ਨੁਕਸਾਨੇ ਗਏ ਡਾਊਨਸਪਾਉਟਸ ਜਾਂ ਲੀਕੇਜ ਦਾ ਨਿਰੀਖਣ ਕਰੋ ਅਤੇ ਇਹਨਾਂ ਦੀ ਤੁਰੰਤ ਮੁਰੰਮਤ ਕਰੋ।
- ਨੀਂਹ ਦੇ ਨੇੜੇ ਦਰੱਖਤਾਂ ਜਾਂ ਝਾੜੀਆਂ ਨੂੰ ਉੱਗਣ ਦੀ ਇਜਾਜ਼ਤ ਨਾ ਦਿਓ। ਪਲਾਂਟਰਸ ਜਾਂ ਬਗੀਚੇ ਘਰ ਦੇ ਨੇੜੇ ਸਥਿਤ ਨਹੀਂ ਹੋਣੇ ਚਾਹੀਦੇ ਹਨ।
- ਜੇਕਰ ਹੌਸ ਬਿਬ ਬਗੀਚੇ ਦੀ ਨਲੀ ਜਾਂ ਕਿਸੇ ਹੋਰ ਅਟੈਚਮੈਂਟ ਨਾਲ ਜੁੜੀ ਹੋਈ ਹੈ, ਤਾਂ ਇਸ ਵਿਚ ਕਿਸੇ ਵੀ ਤਰਾਂ ਦੀ ਲੀਕੇਜ ਦੀ ਜਾਂਚ ਕਰੋ।
- ਘਰ ਤੋਂ ਦੂਰ ਉੱਚਿਤ ਨਿਕਾਸੀ ਸਿਸਟਮ ਨੂੰ ਸੁਨਿਸ਼ਚਿਤ ਕਰਨ ਵਾਸਤੇ ਸਾਰੀਆਂ ਲੈਂਡਸਕੇਪਿੰਗ ਅਤੇ ਆਊਟਡੋਰ ਖਾਸੀਅਤਾਂ ਦਾ ਨਿਰੀਖਣ ਕਰੋ।

# ਪਤਝੜ

- ਗਟਰਾਂ, ਇਵੇਸਟਰੋ, ਡਾਊਨਸਪਾਉਟਸ ਅਤੇ ਰੇਨਵਾਟਰ ਲੀਡਰਸ (ਜੇਕਰ ਲਾਗੂ ਹੋਵੇ) ਵਿਚ ਪੱਤਿਆਂ, ਮਲਬੇ ਅਤੇ ਕੋਈ ਹੋਰ ਬਲੌਕੇਜ ਦੀ ਜਾਂਚ ਕਰੋ।
- ਜਮਾਅ ਤਾਪਮਾਨ ਤੋਂ **ਪਹਿਲਾਂ** ਬਾਹਰੀ ਹੌਸ ਬਿਬ ਤੋਂ ਬਗੀਚੇ ਦੀਆਂ ਨਲੀਆਂ ਅਤੇ ਕੋਈ ਹੋਰ ਅਟੈਚਮੈਂਟ ਨੂੰ ਹਟਾਓ।
- ਜਮਾਅ ਤਾਪਮਾਨ ਤੋਂ **ਪਹਿਲਾਂ** ਜ਼ਮੀਨ ਦੇ ਅੰਦਰ ਸਥਿਤ ਸਪਰੰਿਕਲਰ ਸਿਸਟਮਾਂ ਨੂੰ ਡਰੇਨ ਅਤੇ ਵੰਿਟਰਾਈਜ਼ (ਸਰਦੀਆਂ ਲਈ ਤਿਆਰ) ਕਰੋ।
- ਵੰਿਡੋ ਵੈਲਸ ਤੋਂ ਪੱਤਿਆਂ ਅਤੇ ਮਲਬੇ ਨੂੰ ਹਟਾਓ।

# ਸਰਦ ਰੁੱਤ

- ਜਮਾਵ ਜਾਂ ਬਰਫ ਪੈਣ ਵਾਲੀਆਂ ਸਥਿਤੀਆਂ ਵਿਚ ਛੱਤ ਦੇ ਓਵਰਹੈਂਗਸ ’ਤੇ ਆਈਸ ਡੈਮਸ ਦਾ ਨਿਰੀਖਣ ਕਰੋ।
- ਆਪਣੇ ਘਰ ਦੇ ਕੋਲ ਬਰਫ ਨੂੰ ਇਕੱਠਾ ਨਾ ਕਰੋ।
- ਜੇਕਰ ਕੋਈ ਆਊਟਡੋਰ ਐਲੀਮੈਂਟ ਜਿਵੇਂਕਿ ਇਕ ਆਈਸ-ਰੰਿਕ ਸ਼ਾਮਲ ਕਰਨਾ ਹੋਵੇ, ਤਾਂ ਬਸੰਤ ਰੁੱਤ ਵਿਚ ਪਿਘਲਣ ਤੋਂ ਪਹਿਲਾਂ ਇਸ ਨੂੰ ਘਰ ਤੋਂ ਦੂਰ ਨਿਕਾਸ ਮੁਹੱਈਆ ਕਰਾਓ।
- ਡਾਊਨਸਪਾਉਟਸ ਨੂੰ ਬਰਫ ਜਾਂ ਆਈਸ-ਬਿਲਡਅੱਪ ਦੁਆਰਾ ਬਲੌਕੇਜ ਕਰਨ ਤੋਂ ਦੂਰ ਰੱਖੋ।
- ਫਰੌਸਟ ਹੀਵ੍ ਦੇ ਸੰਕੇਤਾਂ ਲਈ ਕੰਕਰੀਟ ਫਲੈਟਵਰਕ, ਐਸਫਾਲਟ ਜਾਂ ਪੇਵਰਸ ਦਾ ਨਿਰੀਖਣ ਕਰੋ। ਬਸੰਤ ਜਾਂ ਗਰਮ ਰੁੱਤ ਵੱਿਚ ਇਨ੍ਹਾਂ ਖੇਤਰਾਂ ਨੂੰ ਸੰਭਾਵਤ ਤੌਰ 'ਤੇ ਧਿਆਨ ਦੇਣ ਦੀ ਲੋੜ ਹੋਏਗੀ ਕਿਉਂਕਿ ਫਰੌਸਟ ਹੀਵ ਅਕਸਰ ਸਤਹ ਦੇ ਪਾਣੀ ਦੇ ਪ੍ਰਬੰਧਨ ਜਾਂ ਸਹੀ ਗਰੇਡੰਿਗ ਦੀ ਕਮੀ ਦੇ ਕਾਰਨ ਹੁੰਦੀ ਹੈ।

301, 30 Springborough Blvd SW
Calgary, Alberta T3H 0N9

1.800.352.8240 (toll-free)
contactcentre@anhwp.com

**anhwp.com**

© ANHWP Group 2021

*ਇਹ ਦਸਤਾਵੇਜ਼ ਸਿਰਫ ਜਾਣਕਾਰੀ ਮੁਹੱਈਆ ਕਰਵਾਉਣ ਦੇ ਉਦੇਸ਼ਾਂ ਲਈ ਹੈ ਅਤੇ ਇਹ ਕਿਸੇ ਕਾਨੂੰਨੀ, ਤਕਨੀਕੀ ਅਤੇ ਪੇਸ਼ੇਵਰ ਸਲਾਹ ਵਾਸਤੇ ਨਹੀਂ ਹੈ।